# Visit of Minister of State for External Affairs, Smt. Meenakashi Lekhi to Portugal (September 12-14, 2021)

September 15, 2021

## ਵਿਦੇਸ਼ ਰਾਜ ਮੰਤਰੀ ਸ਼੍ਰੀਮਤੀ ਮੀਨਾਕਸ਼ੀ ਲੇਖੀ ਵੱਲੋਂ ਪੁਰਤਗਾਲ ਦਾ ਦੌਰਾ (12-14 ਸਤੰਬਰ, 2021)

15 ਸਤੰਬਰ, 2021

1. ਵਿਦੇਸ਼ ਰਾਜ ਮੰਤਰੀ (MoS) ਸ਼੍ਰੀਮਤੀ ਮੀਨਾਕਸ਼ੀ ਲੇਖੀ ਨੇ 12-14 ਸਤੰਬਰ, 2021 ਤੱਕ ਪੁਰਤਗਾਲ ਦਾ ਅਧਿਕਾਰਤ ਦੌਰਾ ਕੀਤਾ।

2. ਇਸ ਫੇਰੀ ਦੌਰਾਨ ਰਾਜ ਮੰਤਰੀ ਨੇ ਆਪਣੇ ਹਮਰੁਤਬਾ ਵਿਦੇਸ਼ ਅਤੇ ਸਹਿਕਾਰਤਾ ਰਾਜ ਮੰਤਰੀ ਮਹਾਮਹਿਮ ਸ਼੍ਰੀ ਫ੍ਰਾਂਸਿਸਕੋ ਆਂਦਰੇ ਨਾਲ ਦੁਵੱਲੇ ਸਬੰਧਾਂ ਦੀ ਡੂੰਘੀ ਸਮੀਖਿਆ ਕੀਤੀ। ਇਸ ਤੋਂ ਬਾਅਦ ਪੁਰਤਗਾਲ ਵਿੱਚ ਕੰਮ ਕਰਨ ਲਈ ਭਾਰਤੀ ਨਾਗਰਿਕਾਂ ਦੀ ਭਰਤੀ ਬਾਰੇ ਇੱਕ ਬਹੁਤ ਮਹੱਤਵਪੂਰਨ ਦੁਵੱਲੇ ਸਮਝੌਤੇ 'ਤੇ ਹਸਤਾਖਰ ਹੋਏ। ਪੁਰਤਗਾਲ ਅਜਿਹਾ ਪਹਿਲਾ ਯੂਰਪੀਅਨ ਦੇਸ਼ ਹੈ, ਜਿਸ ਨਾਲ ਭਾਰਤ ਨੇ ਕਿਰਤੀ ਗਤੀਸ਼ੀਲਤਾ ਨੂੰ ਸਮਰਪਿਤ ਸਮਝੌਤੇ 'ਤੇ ਹਸਤਾਖਰ ਕੀਤੇ ਹਨ। ਪੁਰਤਗਾਲ ਦੁਆਰਾ ਯੂਰਪੀਅਨ ਯੂਨੀਅਨ ਦੇ ਬਾਹਰ ਕੀਤਾ ਗਿਆ ਇਹ ਪਹਿਲਾ ਅਜਿਹਾ ਸਮਝੌਤਾ ਹੈ। ਇਸ ਸਮਝੌਤੇ ਅੰਦਰ ਪੁਰਤਗਾਲ ਵਿੱਚ ਭਾਰਤੀ ਕਰਮਚਾਰੀਆਂ ਅਤੇ ਪੇਸ਼ੇਵਰਾਂ ਦੀ ਭਰਤੀ ਦੀਆਂ ਪ੍ਰਕਿਰਿਆਵਾਂ ਨਿਰਧਾਰਤ ਕੀਤੀਆਂ ਗਈਆਂ ਹਨ ਅਤੇ ਇਸ ਨਾਲ ਭਾਰਤੀਆਂ ਲਈ ਰੁਜ਼ਗਾਰ ਦੇ ਨਵੇਂ ਮੌਕੇ ਖੁੱਲਣਗੇ, ਜਿਸ ਸਦਕਾ ਦੋਵਾਂ ਦੇਸ਼ਾਂ ਦੇ ਸਮਾਜਿਕ-ਆਰਥਿਕ ਸਬੰਧ ਹੋਰ ਮਜ਼ਬੂਤ ਹੋਣਗੇ।

3. ਪੁਰਤਗਾਲ ਦੇ ਵਿਦੇਸ਼ ਮੰਤਰੀ ਮਹਾਮਹਿਮ ਸ਼੍ਰੀ ਆਗਸਟੋ ਸੈਂਟੋਸ ਸਿਲਵਾ ਨੇ ਰਾਜ ਮੰਤਰੀ ਦੇ ਸਨਮਾਨ ਵਿੱਚ ਦੁਪਹਿਰ ਦੇ ਭੋਜਨ ਦੀ ਮੇਜ਼ਬਾਨੀ ਕੀਤੀ, ਜਿਸ ਵਿੱਚ ਵਿਦੇਸ਼ ਅਤੇ ਸਹਿਕਾਰਤਾ ਰਾਜ ਮੰਤਰੀ ਮਹਾਮਹਿਮ ਫ੍ਰਾਂਸਿਸਕੋ ਆਂਦਰੇ ਅਤੇ ਅੰਤਰਰਾਸ਼ਟਰੀਕਰਨ ਦੇ ਸਟੇਟ ਸਕੱਤਰ ਮਹਾਮਹਿਮ ਸ਼੍ਰੀ ਯੂਰਿਕੋ ਬ੍ਰਿਲਹੰਤੇ ਡਿਆਸ ਵੀ ਸ਼ਾਮਲ ਸਨ। ਮੰਤਰੀ ਸਿਲਵਾ ਨੇ ਭਾਰਤ ਦੇ ਵਿਆਪਕ ਟੀਕਾਕਰਣ ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਮਹਾਂਮਾਰੀ ਦੀ ਸਥਿਤੀ ਵਿੱਚ ਸੁਧਾਰ ਹੋਣ ਦੇ ਨਾਲ ਦੋਵਾਂ ਦੇਸ਼ਾਂ ਵਿਚਾਲੇ ਉੱਚ ਪੱਧਰੀ ਦੁਵੱਲੀ ਫੇਰੀਆਂ ਦੀ ਰਫਤਾਰ ਕਾਇਮ ਰੱਖਣ ਦੀ ਉਮੀਦ ਪ੍ਰਗਟਾਈ। ਮੰਤਰੀ ਸਿਲਵਾ ਨੇ ਇਸ ਸਾਲ ਮਈ ਵਿੱਚ ਪੋਰਟੋ ਅੰਦਰ ਹੋਈ ਭਾਰਤੀ -ਯੂਰਪੀ ਨੇਤਾਵਾਂ ਦੀ ਸਫ਼ਲ ਬੈਠਕ ਦਾ ਵੀ ਜ਼ਿਕਰ ਕੀਤਾ ਅਤੇ ਇਸਦੇ ਨਤੀਜਿਆਂ ਨੂੰ ਬ੍ਰਸੇਲਜ਼ ਵਿੱਚ ਛੇਤੀ ਲਾਗੂ ਕਰਨ ਉੱਤੇ ਜ਼ੋਰ ਦਿੱਤਾ। ਵਿਦੇਸ਼ ਰਾਜ ਮੰਤਰੀ ਨੇ ਪੁਰਤਗਾਲ ਨਾਲ ਦੁਵੱਲੇ ਆਰਥਿਕ ਅਤੇ ਵਪਾਰਕ ਸਬੰਧਾਂ ਨੂੰ ਅੱਗੇ ਵਧਾਉਣ ਅਤੇ ਵੰਨ ਸੁਵੰਨਤਾ 'ਤੇ ਵਧੇਰੇ ਧਿਆਨ ਦੇਣ ਦੀ ਮੰਗ ਕੀਤੀ ਅਤੇ ਰਾਜਨੀਤਿਕ, ਕਾਰੋਬਾਰੀ ਅਤੇ ਲੋਕ ਪੱਧਰੀ ਰੁਝੇਵਿਆਂ ਨੂੰ ਦੁਬਾਰਾ ਸ਼ੁਰੂ ਕਰਨ ਲਈ ਟੀਕੇ ਦੇ ਸਰਟੀਫਿਕੇਟ ਨੂੰ ਆਪਸੀ ਤੌਰ 'ਤੇ ਮਾਨਤਾ ਦੀ ਲੋੜ 'ਤੇ ਜ਼ੋਰ ਦਿੱਤਾ।

4. ਪੁਰਤਗਾਲ ਦੇ ਸਭਿਆਚਾਰ ਮੰਤਰੀ ਮਹਾਮਹਿਮ ਗ੍ਰਾਕਾ ਫੋਂਸੇਕਾ ਨਾਲ ਹੋਇ ਆਪਣੀ ਮੁਲਾਕਾਤ ਦੌਰਾਨ ਰਾਜ ਮੰਤਰੀ ਨੇ ਸਭਿਆਚਾਰ ਦੇ ਖੇਤਰ ਵਿੱਚ ਸਹਿਯੋਗ ਕਰਨ ਦੇ ਮੌਕਿਆਂ ਬਾਰੇ ਗੱਲਬਾਤ ਕੀਤੀ ਜਿਵੇਂ ਕਿ ਨੌਜਵਾਨਾਂ ਅਤੇ ਸਾਹਿਤਕ ਨੁਮਾਇੰਦਿਆਂ ਦਾ ਵਟਾਂਦਰਾ, ਫਰਵਰੀ, 2020 ਵਿੱਚ ਪੁਰਤਗਾਲ ਨਾਲ ਕੀਤੇ ਗਏ ਸਮਝੌਤੇ ਦੇ ਤਹਿਤ ਲੋਥਲ ਵਿਖੇ ਸਮੁੰਦਰੀ ਵਿਰਾਸਤ ਗੈਲਰੀ ਦੀ ਸਥਾਪਨਾ, ਵਿਰਾਸਤ ਸੰਭਾਲ, ਪੁਰਾਲੇਖ ਅਤੇ ਸੰਗੀਤ ਵਿਗਿਆਨ ਵਿੱਚ ਸਮਰੱਥਾ ਨਿਰਮਾਣ ਅਤੇ ਸਬੰਧਤ ਹੁਨਰਾਂ ਲਈ ਟ੍ਰੇਨਰਾਂ ਦੀ ਸਿਖਲਾਈ। ਰਾਜ ਮੰਤਰੀ ਪੁਰਤਗਾਲੀ ਭਾਸ਼ਾ ਦੇ ਦੇਸ਼ਾਂ ਦੇ ਭਾਈਚਾਰੇ (CPLP) ਦੇ ਕਾਰਜਕਾਰੀ ਸਕੱਤਰ ਮਹਾਮਹਿਮ ਡਾ. ਜ਼ੈਕਾਰੀਅਸ ਡਾ ਕੋਸਟਾ ਨੂੰ ਵੀ ਮਿਲੇ। ਜੁਲਾਈ, 2021 ਵਿੱਚ ਲੁਆਂਡਾ ਸਿਖ਼ਰ ਸੰਮੇਲਨ ਵਿੱਚ ਐਸੋਸੀਏਟ ਆਬਜ਼ਰਵਰ ਵਜੋਂ CPLP ਵਿੱਚ ਸ਼ਾਮਲ ਹੋਣ ਤੋਂ ਬਾਅਦ ਇਹ ਭਾਰਤ ਅਤੇ CPLP ਦਰਮਿਆਨ ਹੋਣ ਵਾਲੀ ਪਹਿਲੀ ਉੱਚ ਪੱਧਰੀ ਗੱਲਬਾਤ ਸੀ। ਵਿਦੇਸ਼ ਰਾਜ ਮੰਤਰੀ ਨੇ CPLP ਵੱਲੋਂ ਐਲਾਨੇ ਗਏ ਟੀਚਿਆਂ ਅਨੁਸਾਰ ਲੁਸੋਫੋਨ ਦੇਸ਼ਾਂ ਨਾਲ ਸਹਿਯੋਗ ਵਧਾਉਣ ਪ੍ਰਤੀ ਭਾਰਤ ਦੀ ਪ੍ਰਤੀਬੱਧਤਾ ਦੀ ਗੱਲ ਕਹੀ।

5. ਇਸ ਫੇਰੀ ਦੌਰਾਨ ਰਾਜ ਮੰਤਰੀ ਨੇ ਭਾਰਤੀ ਪ੍ਰਵਾਸੀਆਂ ਨਾਲ ਵੀ ਗੱਲਬਾਤ ਕੀਤੀ ਅਤੇ ਲਿਸਬਨ ਵਿੱਚ ਭਾਰਤੀ ਦੂਤਾਵਾਸ ਦੁਆਰਾ ਕਰਾਏ ਗਏ ਭਾਰਤ ਦੀ ਅਮੀਰ ਸੱਭਿਆਚਾਰਕ ਵਿਰਾਸਤ ਨੂੰ ਦਰਸਾਉਣ ਵਾਲੇ ਆਜ਼ਾਦੀ ਕਾ ਅਮ੍ਰਿਤ ਮਹੋਤਸਵ ਦੇ ਸਮਾਗਮਾਂ ਵਿੱਚ ਹਿੱਸਾ ਲਿਆ। ਉਨ੍ਹਾਂ ਨੇ ਵਸੁਧੈਵ ਕੁਟੁੰਬਕਮ ਦੇ ਜਜ਼ਬੇ ਅਨੁਸਾਰ ਭਾਰਤੀ ਸੰਸਕ੍ਰਿਤੀ ਨੂੰ ਸੁਰੱਖਿਅਤ ਰੱਖਣ ਅਤੇ ਭਾਰਤ ਅਤੇ ਦੁਨੀਆ ਵਿਚਾਲੇ ਮਜ਼ਬੂਤ ਰਿਸ਼ਤੇ ਬਣਾਉਣ ਵਿੱਚ ਪ੍ਰਵਾਸੀ ਭਾਈਚਾਰੇ ਦੀ ਭੂਮਿਕਾ ਦੀ ਗੱਲ ਕੀਤੀ। ਰਾਜ ਮੰਤਰੀ ਨੇ ਮਹਾਤਮਾ ਗਾਂਧੀ ਪਾਰਕ ਦਾ ਦੌਰਾ ਕੀਤਾ ਅਤੇ ਮਹਾਤਮਾ ਗਾਂਧੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਬਾਅਦ ਵਿੱਚ ਹਿੰਦੂ ਮੰਦਰ ਦੇ ਦਰਸ਼ਨ ਕੀਤੇ।

6. ਪੁਰਤਗਾਲ ਨਾਲ ਭਾਰਤ ਦੇ ਪਰੰਪਰਾਗਤ ਸਬੰਧ ਨਿੱਘੇ ਅਤੇ ਦੋਸਤਾਨਾ ਰਹੇ ਹਨ ਅਤੇ ਆਗੂਆਂ ਦੀ ਆਪਸੀ ਸਮਝ ਅਤੇ ਹਿਮਾਇਤ ਕਾਰਨ ਨਾਲ ਹਾਲੀਆ ਸਾਲਾਂ ਵਿੱਚ ਇੰਨਾਂ ਨੂੰ ਰਫਤਾਰ ਮਿਲੀ ਹੈ। COVID -19 ਮਹਾਂਮਾਰੀ ਕਾਰਨ ਆਈ ਰੁਕਾਵਟਾਂ ਦੇ ਬਾਵਜੂਦ ਦੋਵਾਂ ਦੇਸ਼ਾਂ ਦਾ ਅਰਥਚਾਰੇ ਅਤੇ ਕਾਰੋਬਾਰ, ਵਿਗਿਆਨ, ਰੱਖਿਆ, ਲੋਕ -ਪੱਧਰੀ ਸਬੰਧਾਂ ਅਤੇ ਸਭਿਆਚਾਰ ਵਿੱਚ ਸਰਗਰਮ ਅਤੇ ਵਧਦਾ ਹੋਇਆ ਸਹਿਯੋਗ ਹੈ। ਇਸ ਦੌਰੇ ਨਾਲ, ਜੋ ਮਹਾਂਮਾਰੀ ਦੀ ਸ਼ੁਰੂਆਤ ਤੋਂ ਬਾਅਦ ਭਾਰਤ ਵੱਲੋਂ ਪਹਿਲਾ ਮੰਤਰੀ ਪੱਧਰੀ ਦੌਰਾ ਸੀ, ਪੁਰਤਗਾਲ ਅਤੇ ਯੂਰਪੀਅਨ ਸੰਘ ਨਾਲ ਭਾਰਤ ਦੇ ਵਧਦੇ ਹੋਏ ਸਬੰਧਾਂ ਨੂੰ ਹੋਰ ਹੁਲਾਰਾ ਮਿਲਿਆ।

ਨਵੀਂ ਦਿੱਲੀ
15 ਸਤੰਬਰ, 2021

DISCLAIMER: This is an approximate translation. The original is available in English on MEA’s website and may be referred to as the official press release.